ੴ

ਸ੍ਰੀ ਸਤਿਗੁਰੂ ਰਾਮ ਜੀ ਸਹਾਇ

# ਦੋਨੋ ਭਈਆ ਏਕ ਸਰੂਪ ਕਰ ਭਾਸੇਂ







Sri Satguru Jagjit Singh Ji Elibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com




Sri
tguru Hari Singh ji
Maharaj

ਜੋਤ ਕਾ ਜਾਮਾ

ਸ੍ਰੀ ਗੁਰੂ ਹਰੀ ਸਿੰਘ ਜੀ ਸਿਮਰੀਐ

ਜਿਨ ਟੂਟੀ ਲਈ ਮਿਲਾਇ



Sri
tguru Partap Singh ji
Maharaj

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਜਿਨਾਂ ਕਲਿਜੁਗ ਵਿਚ

ਸ਼ੁਭ ਸੋਧ ਅਤੇ ਨਾਮ ਬਾਣੀ ਦਾ

ਪਰਵਾਹ ਦਿਤਾ ਚਲਾਇ



Sri
tguru Jagjit Singh ji
Maharaj

ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ,
ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ,

ਜੋਤਿ ਓਹਾ ਜੁਗਤਿ ਸਾਇ
ਸਹਿ ਕਾਇਆ ਫੇਰਿ ਪਲਟੀਐ
ਝੁਲੈ ਸੁ ਛਤੁ ਨਿਰੰਜਨੀ
ਮਲਿ ਤਖਤੁ ਬੈਠਾ ਗੁਰ ਹਟੀਐ

ੴ

ਸ੍ਰੀ ਸਤਿਗੁਰੂ ਰਾਮਸਿੰਘ ਜੀ ਸਹਾਇ

ਸਿਮ੍ਰਿਤ ਸਾਸਤ ਬੇਦ ਵਖਾਣੈ ॥ ਭਰਮੇ ਭੂਲਾ ਤਤੁ ਨ ਜਾਣੈ ॥

ਬਿਨੁ ਸਤਿਗੁਰ ਸੇਵੇ ਸੁਖ ਨ ਪਾਏ ਦੁਖੋ ਦੁਖ ਕਮਾਵਣਿਆ ॥

ਭਾਵ ਸਿਮ੍ਰਤੀਆਂ ਸਾਸਤਰ ਵੇਦ ਆਦਿ ਗ੍ਰੰਥ ਪੜ੍ਹ ਕੇ ਵੀ ਤਤੂ (ਵਸਤੂ) ਦਾ ਗਿਆਨ ਨਹੀਂ ਹੁੰਦਾ / ਸਤਿਗੁਰੂ ਤੋਂ ਬਿਨਾ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ ਸਗੋਂ ਉਲਟਾ ਦੁਖ ਹੀ ਮਿਲਦਾ ਹੈ

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ ।

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ।

ਸ਼ਬਦ ਗੁਰੂ ਅਥਵਾ ਸਤਿਗੁਰੂ ਨੂੰ ਸਪਸ਼ਟ ਕਰਨ ਵਾਸਤੇ ਭਾਈ ਗੁਰਦਾਸ ਜੀ ਲਿਖਦੇ ਹਨ

ਵੇਦ ਗ੍ਰੰਥ ਗੁਰ ਹੱਟ ਹੈ ਜਿਤੁ ਲਗ ਭਵਜਲ ਪਾਰ ਉਤਾਰਾ ।

ਸਤਿਗੁਰ ਬਾਝੁ ਨ ਬੁਝੀਐ ਜਿਚਰ ਧਰੇ ਨ ਗੁਰ ਅਵਤਾਰਾ ॥

ਭਾਵ ਕਿ ਜਿਨਾਂ ਚਿਰ ਦੇਹਧਾਰੀ ਗੁਰੂ ਨਹੀਂ ਮਿਲਦਾ ਉਨਾਂ ਚਿਰ ਵੇਦਾਂ ਗ੍ਰੰਥਾਂ ਦੇ ਗਿਆਨ ਨੂੰ ਜਾਣ ਨਹੀਂ ਸਕੀਦਾ

ਮੇਰੇ ਲਿਖਣ ਦਾ ਭਾਵ ਹੈ ਕਿ ਦੇਹਧਾਰੀ ਗੁਰੂ ਦੀ ਹਮੇਸ਼ਾ ਲੋੜ ਹੈ

Sri Satguru Jagjit Singh Ji Elibrary NamdhariElibrary@gmail.com

ਕਲਜੁਗ ਦੀ ਹੈ ਆਰਬਲਾ ਚਾਰ ਲਖ ਬਤੀ ਹਜ਼ਾਰ ।
ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ ॥

ਕਲਿਜੁਗ ਦੇ ਅਵਤਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਹਧਾਰੀ ਗੁਰੂ ਦੀ ਹਮੇਸ਼ਾ ਲੋੜ ਨੂੰ ਮੁਖ ਰਖਕੇ "ਨਾਨਕ ਰਾਜ" ਚਲਾਇਆ । ਉਨ੍ਹਾਂ ਦੇ ਅਤੇ ਉਨ੍ਹਾਂ ਦੇ ਜਾਨਸ਼ੀਨ ਸਤਿਗੁਰਾਂ ਦੀ ਛਤ੍ਰ ਛਾਇਆ ਹੇਠ ਸਿਖ ਜੀਵਨ ਮੁਕਤੀਆਂ ਹਾਸਲ ਕਰਦੇ ਰਹੇ

ਗੋਬਿੰਦ ਨਾਮਾ ਪਾਤਸ਼ਾਹੀ ਦਸਵੀਂ ਦੇ ਵਿਚ ਲਿਖੇ ਹੋਇ "ਗੁਪਤ ਗਿਆਰਵਾਂ ਖਾਲਸੀ ਕੋਟਿਕ ਪਾਵੈ ਪਾਰ" ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਕੌਤਕ ਰਚਿਆ ਜਿਸ ਅਨੁਸਾਰ ਗੁਰੂ ਬਾਲਕ ਸਿੰਘ ਜੀ ਬਹੁਤ ਗੁਪਤ ਹੀ ਰਹੇ । ਫਿਰ ਜਦੋਂ ਬਾਰ੍ਹਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗੁਰ ਗੱਦੀ ਤੇ ਸੁਭਾਇਮਾਨ ਹੋਏ ਤਾਂ ਉਨ੍ਹਾਂ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ । ਉਨ੍ਹਾਂ ਨੂੰ ਸਾਰੇ ਪੰਜਾਬ ਵਿਚੋਂ ਸਾਰੇ ਛਾਣੀ ਸਿਖ ਹੀ ਮਿਲੇ ਜਿਹੜੇ ਗੁਰਮਤ, ਗੁਰ ਸਿਖੀ ਅਤੇ ਗੁਰ ਮਰਯਾਦਾ ਵਿਚ ਪੱਕੇ ਸਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਫੌਜ ਵਿਚ ਰਹਿਕੇ ਪਹਿਲੋਂ ਹੀ ਗੁਰਸਿਖੀ ਦੀ ਦੁਰਦਸ਼ਾ ਅਤੇ ਕੌਮ ਦੀ ਗਿਰਾਵਟ ਨੂੰ ਦੇਖ ਚੁਕੇ ਸਨ ਗੁਰ ਗੱਦੀ ਦੀ ਜ਼ਿਮੇਵਾਰੀ ਸੰਭਾਲਣ ਤੋਂ ਬਾਦ, ਪਹਿਲੋਂ ਭਾਰੀ ਤਪੱਸਿਆ ਕੀਤੀ ਅਤੇ ਫਿਰ ਪਿੰਡ ਪਿੰਡ ਦਾ ਦੌਰਾ ਕਰਕੇ ਲੋਕਾਂ ਨੂੰ ਨਾਮ ਬਾਣੀ ਵਲ ਲਾਇਆ । ਸਮਾਜਕ ਸੁਧਾਰ ਵਾਸਤੇ ਆਪ ਜੀ ਨੇ ਬਾਲ ਵਿਵਾਹ, ਕੁੜੀਆਂ ਮਾਰਨੀਆਂ, ਕੁੜੀਆਂ ਵੇਚਣੀਆਂ ਅਤੇ ਬਟਾ ਕਰਨਾ ਬੰਦ ਕੀਤਾ । ਮਾਈਆਂ ਨੂੰ ਵੀ ਭਾਈਆਂ ਸਮਾਨ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਕਛਿਹਰੇ ਪਵਾਏ, ਵਿਧਵਾ ਵਿਵਾਹ ਦੀ ਹਿਮਾਇਤ ਕਰਕੇ ਦੇਸ਼ ਦੇ ਇਸ ਕਲੰਕ ਨੂੰ ਦੂਰ ਕੀਤਾ । ਲੋਕਾਂ ਨੂੰ ਪਾਖੰਡ ਅਤੇ ਵਿਖਾਵਾ ਕਰਨ ਤੋਂ ਰੋਕਿਆ । ਦੇਵੀ ਦੇਵਤੇ ਮੜ੍ਹੀ ਅਤੇ ਕਬਰ ਪਰਸਤੀ ਤੋਂ ਵਰਜਕੇ ਕੇਵਲ ਇਕ ਅਕਾਲ ਪੁਰਖ ਦੇ ਸਿਮਰਨ ਵਲ ਲਾਇਆ । ਆਪ ਜੀ ਨੇ ਸਾਰੀਆਂ ਬੁਰਿਆਈਆਂ ਦੀ ਜੜ੍ਹ ਗੁਲਾਮੀ ਦਸਕੇ ਇਸ ਨੂੰ ਦੂਰ ਕਰਨ ਹਿਤ ਹਰ ਮੁਮਕਨ ਹੀਲਾ ਕੀਤਾ ।

Sri Satguru Jagjit Singh Ji Elibrary NamdhariElibrary@gmail.com

ਇਕ ਸਾਂਵੀ ਹਕੂਮਤ ਚਲਾਈ । ਦੇਸ਼ ਦੇ ਸਰਮਾਏ ਨੂੰ ਵਲਾਇਤ ਜਾਂਦਾ ਤਕ ਕੇ ਆਪ ਜੀ ਨੇ ਬਿਦੇਸ਼ੀ ਚੀਜਾਂ ਦਾ ਬਾਈਕਾਟ ਕਰਕੇ ਸੁਦੇਸ਼ੀ ਚੀਜਾਂ ਦੇ ਵਰਤਣ ਦਾ ਪਰਚਾਰ ਕੀਤਾ । ਭਾਰਤ ਦੇ ਅਸਲੀ ਸਰਮਾਏ "ਗਊ ਮਾਤਾ" ਦੀ ਹੱਤਿਆ ਨੂੰ ਸਹਾਰਦਿਆਂ ਹੋਇਆਂ, ਭਾਰਤੀ ਅਥਵਾ ਸਿਖੀ ਆਣ ਖ ਨੂੰ ਬਰਕਰਾਰ ਰਖਦਿਆਂ ਹੋਇਆਂ ਆਪ ਜੀ ਦੇ ਸਿਖਾਂ ਨੇ ਅੰਗ੍ਰੇਜ਼ੀ ਰਾਜ ਨੂੰ ਫਿਟਕਾਰਦਿਆਂ ਹੋਇਆਂ ਮੌਤ ਰਾਣੀ ਨੂੰ ਖੁਸ਼ੀ ਖੁਸ਼ੀ ਗਲਵਕੜੀਆਂ ਪਾਈਆਂ

ਇਕ ਦੂਜੇ ਨਾਲੋਂ ਅਗੇ ਵਧ ਕੇ ਤੇ ਆਜ਼ਾਦੀ ਲਈ ਕੂਕੇ ਬਲੀਦਾਨ ਹੋਇ ।
ਹੱਸ ਹੱਸ ਕੇ ਮੌਤ ਨੂੰ ਵਰਿਆ ਸੀ ਭਾਰਤ ਵਰਸ਼ ਦੇ ਕੂਕੇ ਸ਼ਹੀਦਾਨ ਹੋਇ ।
ਸੁੱਤ ਬਨਿਤਾ ਦਾ ਮੋਹ ਤਿਆਗ ਕੇ ਤੇ ਵਿਚ ਮਾਇਆ ਨ ਕੂਕੇ ਗਲਤਾਨ ਹੋਇ ।
ਗਊ ਗ੍ਰੀਬ ਦੀ ਰਖਿਆ ਕਰਨ ਖਾਤਰ ਦੇਸ਼ ਧਰਮ ਲਈ ਕੂਕੇ ਕੁਰਬਾਨ ਹੋਇ ।

ਅਖੀਰ ਆਪਣੀ ਰਜ਼ਾ ਅਨੁਸਾਰ ਆਪ ਵੀ ਅੰਗ੍ਰੇਜ਼ੀ ਸਰਕਾਰ ਦੇ ਬਹਾਨੇ ਪਰਦੇਸ ਚਲੇ ਗਏ । ਜਾਂਦਿਆਂ ਹੋਇਆਂ ਆਪ ਜੀ ਨੇ ਕੁਝ ਇਹੋ ਸ਼ਬਦ ਆਖੇ ਸਨ ਕਿ ਮੈਂ ਇਸੇ ਦੇਹ ਵਿਚ ਜ਼ਰੂਰ ਵਾਪਸ ਆਵਾਂਗਾ । ਜਿਤਨਾ ਚਿਰ ਸਾਰੀ ਸ੍ਰਿਸ਼ਟੀ ਤੇ ਧਰਮ ਨਹੀਂ ਵਰਤਦਾ ਮੈਂ ਕਿਤਨੇ ਨਹੀਂ ਜਾਂਦਾ । ਆਪ ਜੀ ਨੇ ਅਪਣੀ ਵਾਪਸੀ ਦੀ ਤਸੱਲੀ ਦਿੰਦਿਆ ਇਥੋਂ ਤਕ ਆਖਿਆ ਸੀ ਕਿ ਸੂਰਜ ਭਾਵੇਂ ਲਹਿੰਦੇ ਵਲੋਂ ਚੜ੍ਹਨ ਲਗ ਪਵੇ ਪਰ ਮੈਂ ਜ਼ਰੂਰ ਇਸੇ ਦੇਹ ਵਿਚ ਆਵਾਂਗਾ । ਮੈਨੂੰ ਅੰਗ੍ਰੇਜ਼ ਮਰ ਗਿਆ ਆਖਣ ਗੇ ਪਰ ਤੁਸਾਂ ਇਤਬਾਰ ਨਹੀਂ ਕਰਨਾ ਇਤਿਆਦਿ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਅਸਾਂ ਗੁਪਤ ਖੇਡ ਬਹੁਤ ਚਿਰ ਤਕ ਖੇਡਣੀ ਹੈ ਅਤੇ ਦੂਜੇ ਪਾਸੇ ਸੰਗਤ ਨੂੰ ਵੀ ਦੇਹਧਾਰੀ ਗੁਰੂ ਦੀ ਲੋੜ ਹੈ । ਇਸ ਲਈ ਉਨ੍ਹਾਂ ਰੰਗੂਨ ਤੋਂ ਇਕ ਹੁਕਮਨਾਮਾ ਸੰਤ ਦਰਬਾਰਾ ਸਿੰਘ ਜੀ ਦੀ ਹੱਥੀ ਭੇਜਿਆ ਜਿਸਦਾ ਮੁਖ ਮੰਤਵ ਇਹ ਸੀ ਕਿ ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ । ਇਹ ਸਿਖੀ ਨੂੰ ਹਰੀ ਰਖਣ ਗੇ ਇਨਾਂ ਨੂੰ ਸਿਰਕਰਤਾ ਮੰਨਣਾ । ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ

ਕਵੀ ਕਹਿੰਦਾ ਹੈ )

ਜਾ ਕੇ ਦੇਣੀ ਪੰਥ ਨੂੰ ਸਾਡੀ ਇਹ ਅਰਦਾਸ । ਦਰਸ਼ਨ ਇਕ ਦਿਨ ਹੋਣਗੇ ਰੋਣਾ ਨਹੀਂ ਉਦਾਸ ।
ਬੁਧ ਸਿੰਘ ਜਾਂ ਦਾ ਅਜ ਤੋਂ ਹਰੀ ਸਿੰਘ ਹੈ ਨਾਮ । ਮੰਨੋ ਸਾਡੇ ਥਾਂ ਹੁਣ, ਉਹਨਾਂ ਨੂੰ ਪੰਥ ਤਮਾਮ ।
ਦਿਲ ਵਿਚ ਵਸੇ ਉਹਨਾਂ ਦੇ ਧਰਮ ਨੇਮ ਦੀ ਸੰਥ । ਉਹ ਸਿਖੀ ਰਖਣ ਹਰੀ ਹਰਾ ਭਰਾ ਰਹੇ ਪੰਥ ।
ਮੇਰਾ ਕੋਈ ਧਿਰਕਾਰਿਆ, ਬਖਸ਼ਣ ਕਿਰਪਾਧਾਰ । ਉਹ ਜਿਸ ਨੂੰ ਧਿਰਕਾਰ ਦੇਣ ਕੋਈ ਨ ਬਖਸ਼ਣਹਾਰ

Sri Satguru Jagjit Singh Ji Elibrary NamdhariElibrary@gmail.com

ਦੁਨਿਆਵੀ ਰਸਮ ਅਨੁਸਾਰ ਭਾਈ ਅਥਵਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ ਭਾਵੇਂ ਅਸਹਿ ਸੀ ਪਰ ਹੁਕਮ ਅਗੇ ਸਿਰ ਝੁਕਾਂਦਿਆਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਿਖੀ ਰੂਪ ਫੁਲਵਾੜੀ ਨੂੰ ਹਰੀ ਰਖਿਆ। ਅੰਗ੍ਰੇਜ਼ੀ ਸਰਕਾਰ ਦੇ ਨਾਜਾਇਜ਼ ਅਤੇ ਕਮੀਨੇ ਸਲੂਕ ਦਾ ਸ਼ਾਂਤੀ ਨਾਲ ਮੁਕਾਬਲਾ ਕੀਤਾ ਅਪਣੇ ਲਾਡਲੇ ਸਿਖਾਂ ਉਤੇ ਸਰਕਾਰ ਵਲੋਂ ਵਹਿਸ਼ਿਆਨਾ ਜ਼ੁਲਮ ਹੁੰਦਿਆਂ ਹੋਇਆਂ ਵੀ ਸਬਰ ਅਤੇ ਸਿਦਕ ਨਾਲ ਸਾਮ੍ਹਣਾ ਕੀਤਾ

ਕੁਝ ਸਮਾਂ ਪਾ ਕੇ ਆਪ ਜੀ ਦੇ ਘਰ ਜਗਤ ਮਾਤਾ ਸ੍ਰੀ ਜੀਵਨ ਕੌਰ ਦੀ ਕੁਖੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ੁਭ ਆਗਮਨ ਹੋਇਆ। ਖਬਰ ਮਿਲਣ ਤੇ ਖੁਸ਼ੀ ਵਿਚ ਆਪ ਜੀ ਨੇ ਫੁਰਮਾਇਆ ਕਿ ਘਰ ਦਾ ਮਾਲਕ ਆ ਗਿਆ ਹੈ ਵਡਾ ਪ੍ਰਤਾਪੀ ਹੋਵੇਗਾ। ਇਸਦੇ ਅੱਗੇ ਕੋਈ ਅੜ ਨਹੀ ਸਕੇਗਾ। ਇਸਦੀ ਛਤ੍ਰ ਛਾਇਆ ਹੇਠ ਸਾਧ ਸੰਗਤ ਨੂੰ ਬਹੁਤ ਸੁਖ ਮਿਲਣਗੇ ਇਤਿਆਦਿ ਕਈ ਖੁਸ਼ੀਆਂ ਅਥਵਾ ਵਰ ਦਿੱਤੇ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਆਪ ਜੀ ਦੀ ਜ਼ਿਮੇਵਾਰੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਭਾਲਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਮਿਸ਼ਨ ਦਾ ਪੂਰਾ ਤਾਣ ਲਾ ਕੇ ਅਮਲੀ ਪਰਚਾਰ ਕੀਤਾ। ਜਿਸ ਪਾਰਟੀ ਨੇ ਸਹੀ ਮਾਹਿਨਿਆਂ ਵਿਚ ਦੇਸ਼ ਦੀ ਸੁਤੰਤ੍ਰਤਾ ਲਈ ਕੋਈ ਆਵਾਜ਼ ਉਠਾਈ ਉਸਦਾ ਪੂਰਾ ਸਹਿਯੋਗ ਦਿੱਤਾ। ਦੇਸ਼ ਸੁਤੰਤ੍ਰ ਹੋਣ ਉਪ੍ਰੰਤ ਦੇਸ਼ ਦੀ ਬਹਿਤਰੀ ਲਈ ਸਭ ਤੋਂ ਸ੍ਰੇਸ਼ਟ ਕੰਮ ਆਪ ਜੀ ਨੇ ਹੀ ਕੀਤਾ। ਜਿਲਾ ਸਿਰਸਾ ਦੀ ਬੰਜਰ ਅਥਵਾ ਬੇਆਬਾਦ ਧਰਤੀ ਨੂੰ ਸੁਵਰਗਨੁਮਾ ਧਰਤੀ ਬਣਾ ਦਿੱਤਾ। ਗਊ ਰਖਿਆ ਹਿਤ ਨਮਿਤ ਜੋ ਵੀ ਅੰਦੋਲਨ ਉਠਿਆ ਉਸਦਾ ਸਾਥ ਦਿੱਤਾ। ਅਪਣੇ ਸੇਵਕਾਂ ਨੂੰ ਪਾਖੰਡ ਅਤੇ ਫਜ਼ੂਲ ਰਸਮਾਂ ਤੋਂ ਰੋਕਿਆ ਆਨੰਦ ਕਾਰਜ ਦੀ ਰਸਮ ਭਾਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲੋਂ ਤੋਂ ਹੀ ਚਲਾਈ ਹੋਈ ਸੀ ਪਰ ANAND MARRIAGE BILL ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਹੀ ਨਾਲ ਹੀ ਪਾਸ ਹੋ ਸਕਿਆ ਸੀ, ਜੰਞਾਂ ਦੇ ਖਰਚ ਅਤੇ ਹੋਰ ਕਈ ਫਜ਼ੂਲ ਖਰਚਾਂ ਤੋਂ ਬਚਣ ਵਾਸਤੇ ਆਪ ਜੀ ਨੇ ਅਨੰਦ ਕਾਰਜ ਸਾਧ ਸੰਗਤ ਦੇ ਮੇਲਿਆਂ ਵਿਚ ਕਰਨੇ ਸ਼ੁਰੂ ਕਰ ਦਿੱਤੇ।

ਮਿਲਾਪ ਦੇ ਆਪ ਇੰਨੇ ਚਾਹਵਾਨ ਸਨ ਕਿ ਗੁਰੂ ਦੇ ਖਜ਼ਾਨੇ ਵਿਚੋਂ ਖਰਚ ਦੇ ਕੇ ਕਈ ਵਡੀਆਂ ਵਡੀਆਂ ਕਾਨਫ੍ਰੰਸਾਂ ਕੀਤੀਆਂ ਜਿਵੇਂ ਕਿ ਹਿੰਦੂ ਸਿਖ ਕਾਨਫ੍ਰੰਸ

ਸਰਬ ਸੰਪਰਦਾ ਕਾਨਫ੍ਰੰਸ ਆਦਿ । ਡੰਗਰਾਂ ਦੀ ਨਸਲ ਸੁਧਾਰ ਵਿਚ ਆਪ ਸਾਰੇ ਭਾਰਤ ਵਿਚੋਂ ਮੁਖੀ ਸਨ । ਰਾਗ ਵਿਦਿਆ ਦੇ ਆਪ ਪਾਤਸ਼ਾਹ ਸਨ । ਫਰਾਖਦਿਲ ਆਪ ਇੰਨੇ ਸਨ ਕਿ ਕੋਈ ਵੀ ਸਵਾਲੀ ਚਾਹੇ ਉਹ ਕਿਸੇ ਧਰਮ ਦਾ ਹੋਵੇ, ਚਾਹੇ ਉਹ ਕਿਸੇ ਪਾਰਟੀ ਨਾਲ ਸੰਬੰਧ ਰਖਦਾ ਹੋਵੇ ਉਸਦੀ ਮੁਨਾਸਬ ਆਰਥਕ ਸਾਰਥਕ ਜਾਂ ਪ੍ਰਮਾਰਥਕ ਸਹਾਇਤਾ ਕਰਨ ਤੋਂ ਥੋੜ੍ਹਾ ਜਿੰਨਾ ਵੀ ਸੰਕੋਚ ਨ ਕਰਦੇ ਦੂਜੇ ਪਾਸੇ ਆਪ ਜੀ ਨੇ ਨਾਮ ਬਾਣੀ ਅਤੇ ਸੁਚ ਸੋਧ ਦਾ ਪਰਵਾਹ ਚਲਾ ਦਿੱਤਾ । ਅਜ ਜੋ ਘਰ ਘਰ ਨਿਤਨੇਮ ਹੁੰਦਾ ਹੈ ਇਹ ਸਭ ਉਨ੍ਹਾਂ ਦੀ ਹੀ ਕਿਰਪਾ ਹੈ

ਪਹਿਲੋਂ ਅੰਗ੍ਰੇਜ਼ੀ ਸਰਕਾਰ ਅਤੇ ਭਾਰਤ ਸੁਤੰਤ੍ਰ ਹੋਣ ਪਿਛੋਂ ਭਾਰਤੀ ਸਰਕਾਰ ਆਪ ਜੀ ਦਾ ਜਸ ਨ ਸਹਾਰਦਿਆਂ ਹੋਇਆਂ ਆਪ ਜੀ ਨੂੰ ਨਾਜਾਇਜ਼ ਤੰਗ ਕਰਦੀਆਂ ਰਹੀਆਂ ਨਾਮਧਾਰੀ ਸਿਖਾਂ ਤੇ ਕਈ ਝੂਠੇ ਮੁਕਦਮੇ ਕੀਤੇ । ਇਕ ਮੁਕਦਮੇ ਦੀ ਸੁਨਵਾਈ ਵਾਸਤੇ 24 ਅਗਸਤ 1959 ਨੂੰ ਜਾਂ ਸਰਕਾਰੀ ਕਮਿਸ਼ਨ ਨੇ ਆਪ ਦੇ ਪਾਸ ਆਉਣਾ ਸੀ ਜਾਂ ਆਪ ਜੀ ਨੂੰ ਕਚਹਿਰੀ ਵਿਚ ਜਾਣਾ ਪੈਣਾ ਸੀ । ਆਪ ਇਨ੍ਹਾਂ ਕਚਹਿਰੀਆਂ ਵਿਚ ਜਿਥੇ ਝੂਠ ਅਤੇ ਰਿਸ਼ਵਤ ਖੋਰੀ ਚਲਦੀ ਹੋਵੇ ਜਾਂ ਜਿਥੇ ਪਾਰਟੀਬਾਜ਼ੀ ਚਲਦੀ ਹੋਵੇ, ਜਾਣਾ ਨਹੀਂ ਸਨ ਚਾਹੁੰਦੇ । ਆਪ ਜੀ ਅਪਣੇ ਪ੍ਰਣ ਖਾਤਰ ਅਪਣੀ ਇੱਛਾ ਅਨੁਸਾਰ ਕਚਹਿਰੀ ਦੀ ਤਾਰੀਕ ਆਉਣ ਤੋਂ ਪਹਿਲੋਂ ਹੀ ੨੧-੨੨ ਅਗਸਤ ਸੰਨ ੧੯੫੯ (੫-੬ ਭਾਦਰੋਂ ਸੰਮਤ ੨੦੧੬) ਦੀ ਵਿਚਲੀ ਰਾਤ ਨੂੰ ਤਕਰੀਬਨ ੧੨ ਵਜੇ ਜੋਤੀ ਜੋਤ ਸਮਾ ਗਏ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਛੋਂ ਉਨ੍ਹਾਂ ਦੀ ਰਜ਼ਾ ਅਨੁਸਾਰ ਉਨ੍ਹਾਂ ਦੇ ਵਡੇ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਨੇ ਪੰਥ ਦੀ ਜ਼ਿਮੇਵਾਰੀ ਸੰਭਾਲੀ

Sri Satguru Jagjit Singh Ji Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

ਜਿਵੇਂ ਬਲਿ ਬਾਵਨ ਔ ਰਾਮ ਕ੍ਰਿਸ਼ਨ ਵਾਲੀ ਜੋਤ
ਗੁਰੂ ਨਾਨਕ ਨਿਰੰਕਾਰੀ ਚ ਸਮਾਈ ਆਨ
ਨਾਨਕ ਤੋ ਅੰਗਦ, ਅਮਰ, ਰਾਮ ਦਾਸ ਆਦਿ
ਗੁਰੂ ਸਾਹਿਬਾਂ ਵਿਚ ਉਹੋ ਜੋਤ ਰੁਸ਼ਨਾਈ ਆਨ
ਫਿਰ ਦਸਮੇਸ਼ ਗੁਰੂ ਬਾਲਕ ਚੋਂ ਪ੍ਰਵੇਸ਼ ਕਰਿ
ਜੋਤ ਗੁਰੂ ਰਾਮ ਸਿੰਘ ਵਿਚ ਦਰਸਾਈ ਆਨ
ਤਿਵੇਂ ਹਰੀ ਗੁਰੂ ਪ੍ਰਤਾਪ ਵਾਲੀ ਜੋਤ ਨੂਰੀ
ਗੁਰੂ ਜਗਜੀਤ ਵਿਚ ਉਹੋ ਪ੍ਰਗਟਾਈ ਆਨ

( ਸੰਤ ਆਤਮਾ ਸਿੰਘ ਜੀ ਸਨਖਤਰਵੀ )



ਦਸਤਾਰ ਬੰਦੀ 10 ਸਤੰਬਰ 1959
ਸਤਿਗੁਰੂ ਜੀ ਆਪਣੇ ਸੀਸ ਤੇ ਪੰਥ ਵਲੋਂ ਭੇਟਾ ਕੀਤੀ ਦਸਤਾਰ ਸਜਾ ਰਹੇ ਹਨ, ਨਾਲ ਹਨ ਸੰਤ ਇੰਦਰ ਸਿੰਘ ਚੱਕਰਵਰਤੀ, ਸ੍ਰੀ ਮਹਾਰਾਜ ਚਰਨ ਸਿੰਘ ਰਾਧਾ ਸੁਆਮੀ (ਬਿਆਸ), ਸ੍ਰੀ ਮਹਾਰਾਜ ਕ੍ਰਿਪਾਲ ਸਿੰਘ ਰਾਧਾ ਸੁਆਮੀ ਦਿਲੀ ਅਤੇ ਨਿਰਮਲੇ ਮਹਾਂ ਪੁਰਸ਼ ।

## ਦਸਤਾਰ ਬੰਦੀ ਸਮਾਗਮ

10 ਸਤੰਬਰ 1959 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਦੇ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲਣ ਪਿਛੋਂ ਦਸਤਾਰ ਬੰਦੀ ਸਮਾਗਮ ਹੋਇਆ ਜਿਸ ਵਿਚ ਹਰ ਵਰਗ, ਹਰ ਖਿਆਲ ਦੇ ਧਾਰਮਕ, ਸਿਆਸੀ ਅਤੇ ਸਮਾਜੀ ਨੇਤਾ ਅਤੇ ਅਨਗਿਣਤ ਲੋਕ ਸ਼ਾਮਲ ਹੋਏ । ਇਕ ਮਹਾਨ ਸਮਰਥਨ ਨਾਲ ਸ੍ਰੀ ਸਤਿਗੁਰੂ ਨੇ ਕਾਰਜ ਖੇਤ੍ਰ ਵਿਚ ਪ੍ਰਵੇਸ਼ ਕੀਤਾ । (ਵਰਿਆਮ ਵਿਚੋਂ)

ਸ੍ਰੀ ਭੈਣੀ ਸਾਹਿਬ ਦੇ ਇਤਿਹਾਸ ਵਿਚ, ਤੇ ਪੰਜਾਬ ਦੇ ਕਿਸੇ ਵੀ ਸਮਾਗਮ ਤੇ ਏਨੀ ਠੋਸ ਹਾਜ਼ਰੀ ਕਦੇ ਨਹੀਂ ਜੁੜੀ। ਅਸੀਂ ਸੁਭਾਵਕ ਸੰਕੋਚ ਵਸ ਇਸ ਹਾਜ਼ਰੀ ਨੂੰ ਇਕ ਲਖ ਤੋਂ ਵਧ ਗਿਣਦੇ ਹਾਂ ਪਰ ਬਹੁਤੇ ਅਖਬਾਰਾਂ ਵਾਲਿਆਂ ਨੇ ਹਾਜ਼ਰੀ ਦਾ ਅੰਦਾਜ਼ਾ ਡੇਢ ਲਖ ਲਾਇਆ। ਸ੍ਰੀ ਭੈਣੀ ਸਾਹਿਬ ਵਿਚ ੪-੪ ਮਹੀਨੇ ਦੇ ਪ੍ਰਾਪੇਗੰਡੇ ਬਾਦ ਹੋਏ ਮਹਾਨ ਇਕੱਠ ਵੀ ਇਸਦੀ ਤੁਲਨਾ ਵਿਚ ਨਹੀਂ ਆ ਸਕਦੇ (ਸਤਿਜੁਗ ਵਿਚੋਂ)

(ਗਿਆਨੀ ਕਰਤਾਰ ਸਿੰਘ ਜੀ ਦੀ ਸ਼ਰਧਾਂਜਲੀ ਵਿਚੋਂ)

ਮੈਨੂੰ ਇਸ ਗਲ ਦਾ ਇਲਮ ਨਹੀਂ ਕਿ ਜਦੋਂ ਮਹਾਰਾਜ ਹਰੀ ਸਿੰਘ ਜੀ ਦੀ ਗੱਦੀ ਦਾ ਸਮਾਂ ਸੀ ਉਦੋਂ ਲੋਕੀਂ ਏਨੀਆਂ ਮਤਾਂ ਦੇ ਇਕੱਠੇ ਹੋਏ ਜਾਂ ਨਹੀਂ

ਪਰ ਜਾਪਦਾ ਹੈ ਅੰਗ੍ਰੇਜ਼ੀ ਰਾਜ ਦੇ ਪਰਭਾਵ ਕਰਕੇ ਏਨੀ ਤਰਾਂ ਦੇ ਲੋਕ ਇਕੱਠੇ ਨਹੀਂ ਹੋ ਸਕੇ ਹੋਣੇ । ਪਰੰਤੂ ਅਜ ਮਹਾਰਾਜ ਜਗਜੀਤ ਸਿੰਘ ਜੀ ਦੀ ਗੱਦੀ ਸਮੇਂ ਸਾਰੇ ਪੰਥ ਦੇ ਅੰਗ ਇਕੱਠੇ ਹੋਏ ਹਨ ਅਤੇ ਹੋਰ ਪੰਜਾਬੀ ਵੀ । ਇਸ ਲਈ ਇਨ੍ਹਾਂ ਤੇ ਹੋਰ ਵੀ ਜ਼ਿਮੇਵਾਰੀ ਆ ਗਈ ਹੈ । ਮੈਂ ਆਸ ਕਰਦਾ ਹਾਂ ਕਿ ਏਕਏਸ ਅਗਵਾਈ ਲਈ ਜਤਨ ਸ਼ੀਲ ਹੋਣਗੇ

(ਗਿਆਨੀ ਜ਼ੈਲ ਸਿੰਘ ਜੀ ਦੀ ਸ਼ਰਧਾਂਜਲੀ ਵਿਚੋਂ)

ਮਹਾਰਾਜ ਜਗਜੀਤ ਸਿੰਘ ਜੀ ਤੁਹਾਡੀਆਂ ਜ਼ਿਮੇਵਾਰੀਆਂ ਵਧ ਗਈਆਂ ਹਨ. ਦੇਸ਼ ਤੇ ਉਠੇ ਖਤਰੇ ਲਈ, ਹਿੰਦ ਦੀ ਰਾਖੀ ਲਈ ਤੁਸਾਂ ਹੀ ਸਭ ਤੋਂ ਮੂਹਰੇ ਹੋਣਾ ਹੈ ਏਨੀ ਗੱਲ ਕਹਿਕੇ ਮੁਬਾਰਕਬਾਦ ਪੇਸ਼ ਕਰਦਾ ਹਾਂ

(ਮਹਾਰਾਜਾ ਯਾਦਵਿੰਦਰ ਸਿੰਘ ਜੀ ਪਟਿਆਲਾ ਦੀ ਸ਼ਰਧਾਂਜਲੀ ਵਿਚੋਂ)

ਮੈਂ ਬਾਬਾ ਪਰਤਾਪ ਸਿੰਘ ਜੀ ਦੀ ਗੱਦੀ ਤੇ ਬੈਠੇ ਉਹਨਾਂ ਦੇ ਸਪੁਤ੍ਰ ਬਾਬਾ ਜਗਜੀਤ ਸਿੰਘ ਜੀ ਨੂੰ ਵਧਾਈ ਦਿੰਦਾ ਹਾਂ ਤੇ ਇਹ ਕਹਿੰਦਾ ਹਾਂ ਕਿ ਜਿਵੇਂ ਉਨ੍ਹਾਂ ਦੇ ਪਿਤਾ ਨੇ ਡਟਕੇ ਪੰਥ ਦੀ ਸੇਵਾ ਕੀਤੀ ਹੈ ਉਸੇ ਤਰਾਂ ਤੁਸੀਂ ਵੀ ਡਟ ਕੇ ਸੇਵਾ ਕਰੋ

(ਸ੍ਰ. ਸਵਰਨ ਸਿੰਘ ਜੀ ਦੀ ਸ਼ਰਧਾਂਜਲੀ ਵਿਚੋਂ)

ਮੈਨੂੰ ਆਸ ਹੈ ਕਿ ਮਹਾਰਾਜ ਜਗਜੀਤ ਸਿੰਘ ਜੀ, ਦੇਸ਼ ਅਤੇ ਕੌਮ ਖਾਤਰ ਉਸੇ ਤਰਾਂ ਕੰਮ ਕਰਨਗੇ ਜਿਵੇਂ ਵਡੇ ਮਹਾਰਾਜ ਕੀਤਾ ਕਰਦੇ ਸਨ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਜਾਨਸ਼ੀਨੀ ਸਮੇਂ ਕਿਸ ਤਰ੍ਹਾਂ ਦੀ ਕੋਈ ਵਿਰੋਧੀ ਅਵਾਜ਼ ਨਹੀਂ ਉਠੀ (ਸਤਿਜੁਗ)

ਪੂਰਬ ਗੁਰੂਆਂ ਨੂੰ ਅਜੇਹਾ ਸ਼ਾਨ ਭਰਿਆ ਮੌਕਾ ਆਪਣੇ ਆਪ ਵਿਚ ਨਸੀਬ ਨਹੀਂ ਹੋਇਆ (ਗਿਆਨੀ ਕਰਤਾਰ ਸਿੰਘ ਜੀ)

ਉਂਵੇ ਤਾਂ ਅਨੇਕ ਹੀ ਲੀਡਰਾਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ ਇਹ ਸਿਰਫ਼ ਨਮੂਨੇ ਮਾਤਰ ਹੀ ਲਿਖਿਆ ਹੈ

Sri Satguru Jagjit Singh Ji Elibrary NamdhariElibrary@gmail.com

ਅਗਸਤ ਆਦਿ ਜੋ ਵਡੇ ਤਪਸਤਪੀ ਵਿਸੀਖੀਆਂ ।
ਬਿਅੰਤ, ਬਿਅੰਤ, ਬਿਅੰਤ ਕੇ ਕਰੰਤ ਪਾਠ ਪੇਖੀਆਂ ।

ਵਰਤਮਾਨ ਕਾਲ ਦੇ ਰਹਿਬਰ, ਬਰਕਤਾਂ ਦੇ ਭੰਡਾਰ, ਰਹਿਮਤਾਂ ਦੇ ਦਾਤੇ, ਕੁਲ ਸ੍ਰਿਸ਼ਟੀ ਦਾ ਭਲਾ ਸੋਚਣ ਵਾਲੇ, ਬੇਅੰਤ ਪਾਤਸ਼ਾਹ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੀ ਨੇ ਸੰਮਤ ੨੦੧੬ ਦੇ ਭਾਦਰੋਂ ਤੋਂ ਲੈ ਕੇ ਹੁਣ ਤਕ ਜੋ ਪ੍ਰਗਤੀ ਸ਼ੀਲ ਵਿਹਾਰ ਕੀਤੇ ਹਨ ਜਾਂ ਹੁਣ ਨਿਰੰਤਰ ਕਰਦੇ ਜਾ ਰਹੇ ਹਨ, ਨਾਮਧਾਰੀ ਪੰਥ ਵਾਸਤੇ ਇਹ ਇਕ ਕਾਇਆ ਕਲਪ ਅਵਸਥਾ ਦੀ ਮਹੱਤਤਾ ਰਖਦੇ ਹਨ (ਵਰਿਆਮ ਵਿਚੋਂ)

ਏਨੇ ਸਾਰੇ ਰੁਝੇਵਿਆਂ, ਮੁਹਿੰਮਾਂ ਅਤੇ ਅਨੁ-ਪ੍ਰੇਮੀਆਂ ਨਾਲ ਤਾਲ ਮੇਲ ਰਖਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਅਨੰਦ ਦੀ ਗੰਗਾ ਵਹਾਂਦੇ, ਬੱਚਿਆਂ, ਬਿਰਧਾਂ, ਨੌਜਵਾਨਾਂ, ਮੁਟਿਆਰਾਂ ਅਤੇ ਵਿਆਹੀ ਖਤੇ ਜੋੜਿਆਂ ਨੂੰ ਧਰਮ-ਕਰਮ ਦ੍ਰਿੜ੍ਹਾਂਦੇ ਇਕ ਦਮ ਤੁਰੇ ਰਹਿੰਦੇ ਹਨ । ਭਾਵੇਂ ਕਿੰਨੀ ਵੀ ਅਰਾਮਦਿਹ ਮੋਟਰ ਚੱਲੇ ਹੋਵੇ, ਹਵਾਈ ਜਹਾਜ਼ ਕਿੰਨੀ ਵੀ ਤੇਜ਼ ਉਡਾਣ ਕਰ ਰਿਹਾ ਹੋਵੇ ਪਰ ਸਤਿਗੁਰੂ ਜੀ ਦੀ ਕੋਮਲ ਕਾਇਆਂ ਨੂੰ ਆਰਾਮ ਕਿਥੇ ! ਉਡੀਕਵਾਨਾਂ ਦੀਆਂ ਬੇ-ਬਹਾ ਭੀੜਾਂ ਪਿਆਰ ਭਰੇ ਹਿਰਦਿਆਂ ਨਾਲ ਅੱਖੀਆਂ ਚੁਕ ਚੁਕ ਉਨ੍ਹਾਂ ਰਾਹਾਂ ਵਲ ਵੇਖਦੀਆਂ ਹਨ ਜਿਨ੍ਹਾਂ ਤੋਂ ਹਿਰਦੇ ਸਮਰਾਟ ਸਤਿਗੁਰੂ ਜੀ ਆਉਂਦੇ ਹੋਣ । (ਕਵੀ ਜੀ)

ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ ।
ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ ॥

ਮੇਰੀ ਇਨ੍ਹਾਂ ਪ੍ਰਤੀ ਇਹੋ ਹੀ ਅਰਦਾਸ ਹੈ

"ਜੁਗ ਜੁਗ ਜੀਵੋ"

Sri Satguru Jagjit Singh Ji Elibrary NamdhariElibrary@gmail.com

ਮਾਲਿਕ ਪਹਿਰੇ ਦਾ ਹੈ ਜਗਜੀਤ ਸਤਿਗੁਰੂ ਹੁਣ ਤਾਂ ਇਹੋ ਹੀ ਧਰਮ ਪਰਚਾਰਦਾ ਏ ।
ਦਾਤਾ ਰਿੱਧੀਆਂ ਸਿੱਧੀਆਂ ਕਰਾਮਾਤਾਂ ਦਾ ਵਿਗੜੇ ਕਾਜ ਵੀ ਇਹੋ ਸਵਾਰਦਾ ਏ ।
ਨਾਮ ਦਿੰਦਾ ਹੈ ਰਤਨ ਗੋਪਾਲ ਸੁਆਮੀ ਕਾਮਧੇਨਾਂ ਇਹ ਲਖਾਂ ਹੀ ਚਾਰਦਾ ਏ ।
ਅਨਿਕ ਤਰੰਗਾ ਕੁਰੰਗਾ ਸੇ ਕੁਦਰਤ ਹੈ ਇਹੋ ਪਤਿਤਨ ਕੇ ਹਉਰਨ ਨਿਵਾਰਦਾ ਏ

ਪਿਤਾ ਜਿਹਾ ਪਰਵਾਰ ਇਹ ਸਤਿਗੁਰੂ ਹੈ ਰਾਹ ਧਰਮ ਦਾ ਇਹੋ ਪਰਚਾਰਦਾ ਏ ।
ਜਤੁ ਸਤੁ ਸੰਜਮ ਲੈ ਕੇ ਨਾਲ ਆਇਆ ਸਭ ਗਰੂਰ ਤੇ ਗਰਬ ਨਿਵਾਰਦਾ ਏ ।
ਅਟਲ ਅਥਾਹੁ ਅਤੋਲ ਬੇਅੰਤ ਹੈ ਇਹ ਇਹੁ ਦਇਆ ਦੀ ਖੜਗ ਨੂੰ ਧਾਰਦਾ ਏ ।
ਝਖੜਿ ਵਾਉ ਨ ਡੋਲਈ ਵੇਖ ਲਿਆ ਵਾਂਙ ਪਰਬਤ ਦੇ ਚਿਤ ਖਲਿਹਾਰਦਾ ਏ ।

ਭੁਲੇ ਭੁਲੇ ਕਰ ਮੰਨੀਆਂ ਕਿ ਤਕ ਲਏ ਨੇ ਇਹ ਤਾਂ ਬਖਸ਼ਿਆਂ ਦੇ ਕਾਜ ਸਵਾਰਦਾ ਏ ।
ਸਤ ਅਪਰਾਧ ਕਰਤ ਹੈ ਜੇਤੇ ਵਾਂਙ ਜਨਨੀ ਦੇ ਚਿਤ ਨ ਧਾਰਦਾ ਏ ।
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਸਦਾ ਆਪਣਾ ਬਿਰਦੁ ਸੰਭਾਰਦਾ ਏ ।
ਕਿਆ ਗੁਣ ਤੇਰੇ ਮੈਂ ਸਾਰ ਸਮਾਲ ਸਕਾਂ ਫਾਨੀ ਜੀਵ ਵਿਸਾਲ ਸੰਸਾਰਦਾ ਏ ।

ਰੂਪ ਅਤੇ ਅਨੂਪ ਜਗਜੀਤ ਸਤਿਗੁਰ ਕੇਵਲ ਗੁਰਮਤ ਹੀ ਜੋ ਧਾਰਦਾ ਏ ।
ਜਿਸ ਬਖਸ਼ੇ ਦਰਸ਼ਨ ਦਇਆ ਕਰ ਮਲ ਜਨਮਾਂ ਦੀ ਇਹ ਟਾਰਦਾ ਏ ।
ਹੋਰਾ ਸੋਗਾ ਅੰਦੇਸ਼ੇ ਸਭ ਮੇਟ ਦੇਵੇ ਇਹ ਨਦਰੀ ਨਦਰਿ ਨਿਹਾਰਦਾ ਏ ।
ਬੱਜਰ ਪਾਪ ਵੀ ਇਹ ਬਖਸ਼ ਦੇਵੇ ਦਰਸ਼ ਇਕੁ ਦਾ ਜਨਮ ਸਵਾਰਦਾ ਏ !

ਹਰ ਪਰਕਾਰ ਦੀਆਂ ਗਲਤੀਆਂ ਦੀ ਖਿਮਾ ਦਾ
ਜਾਚਿਕ
ਭਿਖਾਰੀ

# ਮੱਕਾ ਫਿਰਿਆ ਜਾਂ ਬੁਧ ਫਿਰੀ

ਅਜਕਲ ਦੇ ਕਈ ਪਰਚਾਰਕ ਇਹ ਪਰਚਾਰ ਕਰਦੇ ਹਨ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਮੱਕਾ ਨਹੀਂ ਸੀ ਫੇਰਿਆ ਕਾਜੀ ਜੀਵਣ ਦੀ ਬੁਧ ਫੇਰ ਦਿੱਤੀ ਸੀ। ਉਹ ਪਰਚਾਰਕ ਭਾਈ ਗੁਰਦਾਸ ਜੀ ਦੀ ਵਾਰ ਪੜ੍ਹ ਕੇ ਵੇਖਣ

ਟੰਗੋ ਪਕੜਿ ਘਸੀਟਿਆ ਫਿਰਿਆ ਮਕਾ ਕਲਾ ਦਿਖਾਰੀ
ਹੋਇ ਹੈਰਾਨੁ ਕਰਨਿ ਜੁਹਾਰੀ

ਜੇ ਉਹ ਸਜਣ ਭਾਈ ਗੁਰਦਾਸ ਜੀ ਤੇ ਇਤਬਾਰ ਨਹੀਂ ਕਰਦੇ ਤਾਂ ਸ੍ਰੀ ਗ੍ਰੰਥ ਸਾਹਿਬ ਵਿਚੋਂ ਭਗਤ ਨਾਮ ਦੇਉ ਜੀ ਦਾ ਸ਼ਬਦ ਹੀ ਪੜ੍ਹ ਲੈਣ

ਜਿਉ ਜਿਉ ਨਾਮਾ ਹਰਿ ਗੁਣ ਉਚਰੈ। ਭਗਤ ਜਨਾਂ ਕਉ ਦੇਹੁਰਾ ਫਿਰੈ।

ਜੇ ਭਗਤ ਜੀ ਵਾਸਤੇ ਅਕਾਲ ਪਰਖ ਨੇ ਦੇਹਰਾ ਫੇਰਿਆ ਸੀ ਤਾਂ ਕੀ ਅਕਾਲ ਪੁਰਖ, ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਸਤੇ ਮੱਕਾ ਨਹੀਂ ਸੀ ਫੇਰ ਸਕਦਾ? ਮੱਕਾ ਹੀ ਫਿਰਿਆ ਸੀ।

ਸ੍ਰੀ ਸਤਿਗੁਰੂ ਜੀ ਦਾ ਫੁਰਮਾਨ ਹੈ ਕਿ ਮੱਕੇ ਦਾ ਫਿਰਨਾ ਆਸਾਨ ਹੈ ਪਰ ਬੁਧ ਦਾ ਫਿਰਨਾ ਮੁਸ਼ਕਲ ਹੈ

# ਕਰਾਮਾਤ ਜਾਂ ਕਿਰਪਾ ਦ੍ਰਿਸ਼ਟੀ

ਸਾਧ ਸੰਗਤ ਜੀ, ਅਜ ਤੋਂ ਤਕਰੀਬਨ ਇਕ ਸਾਲ ਪਿਛੇ ਦੀ ਝਾਤੀ ਮਾਰੀਏ ਤਾਂ ਜਿਵੇਂ ਕਿ ਆਪ ਸਾਰੇ ਜਾਣਦੇ ਹੋ ਕਿ ਸਾਡੇ ਬੱਚੇ ਅਤੇ ਕਈ ਨੌਜਵਾਨ ਇਸਤਰਾਂ ਇਧਰ ਉਧਰ ਫਿਰਦੇ ਸਨ, ਖਾਣ ਪੀਣ ਦਾ ਕੋਈ ਪਰਹੇਜ਼ ਨਹੀਂ ਸੀ, ਨਿਤ ਨੇਮ ਦਾ ਨਾਂ ਵੀ ਨਹੀਂ ਸਨ ਜਾਣਦੇ। ਅਜ ਉਹੀ ਬੱਚੇ ਅਤੇ ਨੌਜਵਾਨ ਇਸਤਰਾਂ ਸਾਧ ਸੰਗਤ ਦੀ ਸੇਵਾ ਕਰਦੇ ਹਨ, ਮਾਲਾ ਫੜ੍ਹ ਕੇ ਭਜਨ ਕਰਦੇ ਹਨ, ਕਈ ਭਗਉਤੀ ਦੀ ਵੀ ਮਾਲਾ ਕਰਦੇ ਹਨ, ਕਈ ਪਾਠ ਵੀ ਕਰਦੇ ਹਨ, ਕਈ ਕੀਰਤਨ ਵਿਚ ਵੀ ਸਾਥ ਦਿੰਦੇ ਹਨ। ਹੁਣ ਤੇ ਉਹ ਸੇਲਾ ਵੀ ਕਰ ਰਹੇ ਹਨ। ਇਹ ਬੁਧ ਨਹੀਂ ਫਿਰੀ ਤਾਂ ਕੀ ਆਖਾਂ? ਇਹ ਸ੍ਰੀ ਸਤਿਗੁਰੂ ਜੀ ਦੀ ਕਰਾਮਾਤ ਆਖਾਂ ਜਾਂ ਕਿਰਪਾ ਦ੍ਰਿਸ਼ਟੀ?

Sri Satguru Jagjit Singh Ji Elibrary NamdhariElibrary@gmail.com